## ਮੁਆਵਜ਼ਾ (ਰੈਸਟੀਟੂਸ਼ਨ): ਮੁਜਰਮ ਨੂੰ ਤੁਹਾਡਾ ਖਰਚਾ ਦੇਣਾ ਪੈ ਸਕਦਾ ਹੈ

ਸੰਗੀਨ ਜੁਰਮ ਦੇ ਕੇਸਾਂ (ਅਤੇ ਕੁਝ ਛੋਟੇ ਜੁਰਮਾਂ) ਵਿਚ ਅਦਾਲਤ ਦੋਸ਼ੀ ਸਿੱਧ ਹੋਏ ਮੁਜਰਮ ਨੂੰ ਇਹ ਹੁਕਮ ਦੇ ਸਕਦੀ ਹੈ ਕਿ ਉਹ ਪੀੜਿਤਾਂ ਨੂੰ ਉਨ੍ਹਾਂ ਦੇ ਨੁਕਸਾਨ ਦਾ ਖਰਚਾ ਦੇਵੇ। ਇਸ ਨੂੰ ***ਰੈਸਟੀਟੂਸ਼ਨ*** ਆਖਿਆ ਜਾਂਦਾ ਹੈ।

ਪ੍ਰੋਬੇਸ਼ਨ ਡਿਪਾਰਟਮੈਂਟ ਤੁਹਾਨੂੰ ਪੁੱਛੇਗਾ ਕਿ ਕੀ ਤੁਸੀਂ ਇਹ ਦੱਸਣਾ ਚਾਹੁੰਦੇ ਹੋ ਕਿ ਜੁਰਮ ਨੇ ਤੁਹਾਡੇ 'ਤੇ ਕਿਸ ਤਰ੍ਹਾਂ ਅਸਰ ਪਾਇਆ ਹੈ। ਇਹ ਤੁਹਾਡੇ ਲਈ ਇਹ ਚੀਜ਼ਾਂ ਕਰਨ ਦਾ ਮੌਕਾ ਹੈ:

- ਜੁਰਮ ਨਾਲ ਸੰਬੰਧਿਤ ਆਪਣੇ ਮਾਇਕ ਨੁਕਸਾਨ ਦੱਸਣ ਦਾ, ਅਤੇ
- ਮੁਆਵਜ਼ੇ ਦੀ ਮੰਗ ਕਰਨ ਦਾ।

ਸਜ਼ਾ ਬਾਰੇ ਫੈਸਲਾ ਕਰਨ ਤੋਂ ਪਹਿਲਾਂ ਅਦਾਲਤ ਤੁਹਾਡਾ ਬਿਆਨ ਪੜ੍ਹੇਗੀ।

ਤੁਹਾਨੂੰ ਹੱਕ ਹੈ:

- ਮੁਜਰਮ ਨੂੰ ਸਜ਼ਾ ਹੋਣ ਵੇਲੇ ਅਦਾਲਤ ਵਿਚ ਹੋਣ ਦਾ,
- ਅਦਾਲਤ ਨੂੰ ਇਹ ਦੱਸਣ ਦਾ ਕਿ ਜੁਰਮ ਨੇ ਤੁਹਾਡੇ 'ਤੇ ਕਿਵੇਂ ਅਸਰ ਪਾਇਆ ਹੈ, ਅਤੇ
- ਇਹ ਕਹਿਣ ਦਾ ਕਿ ਤੁਹਾਡੇ ਖਿਆਲ ਮੁਤਾਬਕ ਕਿਹੜੀ ਸਜ਼ਾ ਸਭ ਤੋਂ ਬਿਹਤਰ ਹੋਵੇਗੀ, ਜਿਸ ਵਿਚ ਮੁਆਵਜ਼ਾ – ਜਾਂ ਉਹ ਪੈਸੇ ਮੰਗਣਾ ਵੀ ਸ਼ਾਮਲ ਹੈ ਜਿਹੜੇ ਜੁਰਮ ਨਾਲ ਸੰਬੰਧਿਤ ਤੁਹਾਡੇ ਨੁਕਸਾਨਾਂ ਦੀ ਅਦਾਇਗੀ ਕਰਨ ਵਿਚ ਤੁਹਾਡੀ ਮਦਦ ਕਰਨਗੇ।

ਆਪਣੇ ਮੁਆਵਜ਼ੇ ਦੇ ਹੱਕਾਂ ਅਤੇ ਸਜ਼ਾ ਬਾਰੇ ਜ਼ਿਆਦਾ ਜਾਣਨ ਲਈ ਸਾਡੇ ਨਾਲ ਸੰਪਰਕ ਕਰੋ।

## ਤੁਸੀਂ ਕੈਦੀ ਦੀ ਪੈਰੋਲ ਲਈ ਸੁਣਵਾਈ 'ਤੇ ਬੋਲ ਸਕਦੇ ਹੋ

ਬਹੁਤ ਗੰਭੀਰ ਜੁਰਮਾਂ ਲਈ, ਕੈਦੀ ਨੂੰ ਪੈਰੋਲ ਲਈ ਸੁਣਵਾਈ ਤੋਂ ਬਿਨਾਂ ਆਜ਼ਾਦ ਨਹੀਂ ਛੱਡਿਆ ਜਾ ਸਕਦਾ। ਤੁਹਾਨੂੰ ਉਸ ਸੁਣਵਾਈ (ਹੀਅਰਿੰਗ) ਵੇਲੇ ਬੋਲਣ ਦਾ ਹੱਕ ਹੈ। ਤੁਸੀਂ ਪੈਰੋਲ ਬੋਰਡ ਨੂੰ ਇਸ ਗੱਲ ਬਾਰੇ ਆਪਣੀ ਰਾਇ ਦੇ ਸਕਦੇ ਹੋ ਕਿ ਕੈਦੀ ਨੂੰ ਕਦੋਂ ਰਿਹਾਅ ਕੀਤਾ ਜਾਣਾ ਚਾਹੀਦਾ ਹੈ।

*ਨੋਟ:* ਜੇ ਮੁਜਰਮ ਦੀ ਉਮਰ 18 ਸਾਲ ਤੋਂ ਘੱਟ ਸੀ ਤਾਂ ਖਾਸ ਨਿਯਮ ਲਾਗੂ ਹੁੰਦੇ ਹਨ। ਜੇ ਤੁਸੀਂ ਗਭਰੇਟਾਂ ਲਈ ਪੈਰੋਲ ਬੋਰਡ ਨਾਲ ਗੱਲ ਕਰਨੀ ਚਾਹੁੰਦੇ ਹੋਵੋ ਤਾਂ ਸਾਡੇ ਨਾਲ ਸੰਪਰਕ ਕਰੋ।

ਪੈਰੋਲ ਲਈ ਸੁਣਵਾਈਆਂ ਬਾਰੇ ਜ਼ਿਆਦਾ ਜਾਣਨ ਲਈ ਕੈਲੇਫੋਰਨੀਆ ਡਿਪਾਰਟਮੈਂਟ ਆਫ ਕੁਰੈਕਸ਼ਨਜ਼ ਐਂਡ ਰੀਹੈਬਲੀਟੇਸ਼ਨ ਨਾਲ ਸੰਪਰਕ ਕਰੋ: www.cdcr.ca.gov।



## ਤੁਹਾਡੀ ਮਦਦ ਲਈ ਹੋਰ ਪ੍ਰੋਗਰਾਮ

ਮਦਦ ਕਰਨ ਵਾਲੇ ਬਹੁਤ ਸਾਰੇ ਹੋਰ ਖਾਸ ਪ੍ਰੋਗਰਾਮ ਅਤੇ ਐਡਵੋਕੇਸੀ (ਹਿਮਾਇਤੀ) ਗਰੁੱਪ ਹਨ ਜਿਹੜੇ ਪੀੜਿਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਮਦਦ ਕਰਦੇ ਹਨ, ਜਿਸ ਵਿਚ ਬਲਾਤਕਾਰ, ਘਰੇਲੂ ਹਿੰਸਾ ਦਾ ਸ਼ਿਕਾਰ ਹੋਏ ਪੀੜਿਤ ਅਤੇ ਬੁਰੇ ਵਰਤਾਉ ਵਾਲੇ ਬੱਚੇ ਸ਼ਾਮਲ ਹਨ। ਕੋਈ ਪ੍ਰੋਗਰਾਮ ਜਾਂ ਗਰੁੱਪ ਲੱਭਣ ਲਈ ਸਾਡੇ ਨਾਲ ਸੰਪਰਕ ਕਰੋ।

## ਸਾਡਾ ਸੈਂਟਰ

Victims of Crime Resource Center ਨੇ ਕੈਲੇਫੋਰਨੀਆ ਵਿਚ 1984 ਤੋਂ ਲੈ ਕੇ ਜੁਰਮਾਂ ਦਾ ਸ਼ਿਕਾਰ ਹੋਏ ਹਜ਼ਾਰਾਂ ਲੋਕਾਂ ਦੀ ਮਦਦ ਕੀਤੀ ਹੈ। ਸਾਡੀਆਂ ਸੇਵਾਵਾਂ ਮੁਫਤ ਹਨ। ਸਾਡਾ ਮਾਹਰ ਸਟਾਫ ਇਸ ਖੇਤਰ ਵਿਚਲੀ ਤਾਜ਼ਾ ਜਾਣਕਾਰੀ ਜਾਣਦਾ ਹੈ। ਅਸੀਂ ਤੁਹਾਨੂੰ ਸੇਧ ਦੇਣ ਅਤੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਲਈ ਇੱਥੇ ਹਾਂ।

ਜ਼ਿਆਦਾ ਜਾਣਕਾਰੀ ਲਈ ਜਾਂ ਆਪਣੇ ਹੱਕਾਂ ਬਾਰੇ ਮਦਦ ਲਈ, ਸਾਡੇ ਨਾਲ ਸੰਪਰਕ ਕਰੋ:

Victims of Crime Resource Center
University of the Pacific, McGeorge School of Law

- ਫੋਨ ਕਰੋ: **1-800-VICTIMS** (1-800-842-8467)
- ਵੈੱਬਸਾਈਟ ਦੇਖੋ: www.1800VICTIMS.org

ਇਹ ਸੈਂਟਰ University of the Pacific, McGeorge School of Law ਅਤੇ California Emergency Management Agency (CalEMA - www.oes.ca.gov) ਦਾ ਪ੍ਰੋਜੈਕਟ ਹੈ।

Cal EMA California Emergency Management Agency

Punjabi

UNIVERSITY OF THE PACIFIC
McGeorge School of Law

# ਕੈਲੇਫੋਰਨੀਆ ਵਿਚ ਜੁਰਮ ਦਾ ਸ਼ਿਕਾਰ ਹੋਣ ਵਾਲਿਆਂ ਲਈ ਮਦਦ



ਜੁਰਮ ਦਾ ਸ਼ਿਕਾਰ ਹੋਣ ਵਾਲਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਆਪਣੇ ਹੱਕ ਜਾਣਨ ਵਿਚ ਅਤੇ ਸੇਵਾਵਾਂ ਅਤੇ ਮਦਦ ਲੈਣ ਵਿਚ ਮਦਦ ਕਰਨਾ

**Victims of Crime Resource Center**
(ਵਿਕਟਿਮਜ਼ ਆਫ ਕਰਾਇਮ ਰੀਸੋਰਸ ਸੈਂਟਰ)
**1-800-VICTIMS (1-800-842-8467)**
**www.1800VICTIMS.org**

## ਕੈਲੇਫੋਰਨੀਆ ਵਿਚ ਜੁਰਮ ਦਾ ਸ਼ਿਕਾਰ ਹੋਣ ਵਾਲਿਆਂ ਦੇ ਹੱਕ

ਜੇ ਤੁਸੀਂ ਕਿਸੇ ਜੁਰਮ ਦਾ ਸ਼ਿਕਾਰ ਹੋਏ ਹੋ ਤਾਂ ਹੋ ਸਕਦਾ ਹੈ ਤੁਹਾਨੂੰ ਜੁਰਮ ਤੋਂ ਤਾਬੇ ਆਉਣ ਲਈ ਮਦਦ ਦੀ ਲੋੜ ਹੋਵੇ। ਜੁਰਮ ਨੇ ਤੁਹਾਡੇ ਲਈ ਮਾਇਕ, ਕਾਨੂੰਨੀ, ਸਿਹਤ ਦੀਆਂ ਜਾਂ ਮਨੋਵਿਗਿਆਨਕ ਸਮੱਸਿਆਵਾਂ ਪੈਦਾ ਕੀਤੀਆਂ ਹੋ ਸਕਦੀਆਂ ਹਨ। ਇਹ ਬਰੋਸ਼ਰ ਤੁਹਾਡੇ ਹੱਕਾਂ, ਅਤੇ ਉਨ੍ਹਾਂ ਸੇਵਾਵਾਂ ਅਤੇ ਮਦਦ ਬਾਰੇ ਦੱਸਦਾ ਹੈ ਜਿਹੜੇ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਉਪਲਬਧ ਹੋ ਸਕਦੇ ਹਨ।

## ਤੁਹਾਨੂੰ ਹੱਕ ਹੈ:

**ਪੈਸਿਆਂ ਦਾ।** ਅਦਾਲਤ ਮੁਜਰਮ ਨੂੰ ਇਹ ਹੁਕਮ ਦੇ ਸਕਦੀ ਹੈ ਕਿ ਉਹ ਜੁਰਮ ਨਾਲ ਸੰਬੰਧਿਤ ਤੁਹਾਡੇ ਨੁਕਸਾਨਾਂ ਲਈ ਪੈਸੇ ਦੇਵੇ, ਸਮੇਤ ਇਨ੍ਹਾਂ ਚੀਜ਼ਾਂ ਲਈ ਪੈਸਿਆਂ ਦੇ:

- ਕੌਂਸਲਿੰਗ,
- ਤਨਖਾਹਾਂ ਦਾ ਨੁਕਸਾਨ,
- ਤੁਹਾਡੀਆਂ ਸੱਟਾਂ ਲਈ ਇਲਾਜ ਦੇ ਬਿੱਲ, ਅਤੇ
- ਸੰਸਕਾਰ ਅਤੇ ਦਫਨਾਉਣ ਦੇ ਖਰਚੇ।

**ਅਦਾਲਤ ਨੂੰ ਆਪਣੇ ਨੁਕਸਾਨਾਂ ਬਾਰੇ ਦੱਸੋ।** ਅਦਾਲਤ ਵਲੋਂ ਮੁਜਰਮ ਦੀ ਸਜ਼ਾ ਦਾ ਫੈਸਲਾ ਕਰਨ ਤੋਂ ਪਹਿਲਾਂ, ਤੁਸੀਂ ਅਦਾਲਤ ਨੂੰ ਇਹ ਦੱਸ ਸਕਦੇ ਹੋ ਕਿ ਜੁਰਮ ਨੇ ਤੁਹਾਡੀ ਜ਼ਿੰਦਗੀ ’ਤੇ ਕਿਵੇਂ ਅਸਰ ਪਾਇਆ ਹੈ।

**ਸੇਫਟੀ ਅਤੇ ਰੱਖਿਆ।** ਜੇ ਤੁਹਾਨੂੰ, ਤੁਹਾਡੇ ਪਰਿਵਾਰ ਜਾਂ ਕਿਸੇ ਗਵਾਹ ਨੂੰ ਮੁਜਰਮ ਤੋਂ ਡਰ ਲੱਗਦਾ ਹੋਵੇ ਤਾਂ ਤੁਸੀਂ ਅਦਾਲਤ ਤੋਂ ਪ੍ਰੋਟੈਕਟਿਵ (ਹਿਫਾਜ਼ਤੀ) ਆਰਡਰ ਮੰਗ ਸਕਦੇ ਹੋ।

**ਸਮਾਲ ਕਲੇਮਜ਼ ਕੋਰਟ ਵਿਚ ਮੁਕੱਦਮਾ ਕਰੋ।** ਜੇ ਤੁਸੀਂ 10000 ਡਾਲਰ ਨਾਲੋਂ ਜ਼ਿਆਦਾ ਪੈਸਿਆਂ ਲਈ ਮੁਕੱਦਮਾ ਨਹੀਂ ਕਰ ਰਹੇ ਤਾਂ ਤੁਸੀਂ ਸਮਾਲ ਕਲੇਮਜ਼ ਕੋਰਟ ਵਿਚ ਮੁਕੱਦਮਾ ਕਰ ਸਕਦੇ ਹੋ। ਤੁਹਾਨੂੰ ਇਸ ਅਦਾਲਤ ਵਿਚ ਵਕੀਲ ਦੀ ਲੋੜ ਨਹੀਂ ਹੈ। ਅਤੇ ਹਰ ਅਦਾਲਤ ਵਿਚ ਲੋਕਾਂ ਦੀ ਉਨ੍ਹਾਂ ਦੇ ਕੇਸਾਂ ਵਿਚ ਮਦਦ ਕਰਨ ਲਈ ਸਮਾਲ ਕਲੇਮਜ਼ ਐਡਵਾਈਜ਼ਰ (ਸਲਾਹਕਾਰ) ਹਨ। ਜ਼ਿਆਦਾ ਜਾਣਨ ਲਈ, ਇਸ ਵੈੱਬਸਾਈਟ ’ਤੇ ਜਾਉ:
www.courts.ca.gov/selfhelp-smallclaims.htm

**ਇਕ ਖਾਸ ਕਾਨੂੰਨ, ਜਿਸ ਨੂੰ *ਪੀੜਿਤਾਂ ਦੇ ਹੱਕਾਂ ਦਾ ਬਿੱਲ* (ਜਾਂ *Marsy's Law*) ਆਖਿਆ ਜਾਂਦਾ ਹੈ, ਜੁਰਮਾਂ ਤੋਂ ਪੀੜਿਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਮਦਦ ਕਰਦਾ ਹੈ।**

**ਇਸ ਕਾਨੂੰਨ ਨੂੰ ਪੜ੍ਹਨਾ ਚੰਗਾ ਹੈ ਤਾਂ ਜੋ ਤੁਹਾਨੂੰ ਆਪਣੇ ਸਾਰੇ ਹੱਕਾਂ ਦਾ ਪਤਾ ਲੱਗ ਜਾਵੇ। ਤੁਸੀਂ ਅੱਗੇ ਲਿਖੇ ਵੈੱਬਸਾਈਟ ਤੋਂ ਕਾਨੂੰਨ ਨੂੰ ਛਾਪ ਸਕਦੇ ਹੋ ਅਤੇ ਵਸੀਲਿਆਂ ਦੀ ਲਿਸਟ ਲੈ ਸਕਦੇ ਹੋ:**
**www.oag.ca.gov/victimservices/marsy**

**ਸਿਵਲ ਕੋਰਟ ਵਿਚ ਮੁਕੱਦਮਾ ਕਰੋ।** ਤੁਸੀਂ ਪੈਸੇ, ਜਾਂ ਕਾਨੂੰਨੀ ਫੀਸਾਂ ਮੰਗਣ ਲਈ ਮੁਜਰਮ ਦੇ ਖਿਲਾਫ ਮੁਕੱਦਮਾ ਕਰ ਸਕਦੇ ਹੋ। ਜੇ ਪ੍ਰਾਪਰਟੀ ਦੇ ਮਾਲਕ ਜਾਂ ਸਰਕਾਰੀ ਸੰਸਥਾਵਾਂ ਵੀ ਜੁਰਮ ਲਈ ਕਸੂਰਵਾਰ ਹੋਣ ਤਾਂ ਤੁਸੀਂ ਉਨ੍ਹਾਂ ’ਤੇ ਵੀ ਮੁਕੱਦਮਾ ਕਰ ਸਕਦੇ ਹੋ। *ਮਹੱਤਵਪੂਰਨ!* ਸਿਵਲ ਕੋਰਟ (ਦੀਵਾਨੀ ਅਦਾਲਤ) ਵਿਚ ਮੁਕੱਦਮਾ ਸ਼ੁਰੂ ਕਰਨ ਦੀਆਂ ਬਹੁਤ ਸਖਤ ਅੰਤਿਮ ਤਾਰੀਕਾਂ ਹਨ ਅਤੇ ਅਦਾਲਤ ਦੇ ਨਿਯਮ ਗੁੰਝਲਦਾਰ ਹੋ ਸਕਦੇ ਹਨ। ਜੇ ਤੁਸੀਂ ਮੁਕੱਦਮਾ ਕਰਨਾ ਚਾਹੁੰਦੇ ਹੋਵੋ ਤਾਂ ਵਕੀਲ ਨਾਲ ਛੇਤੀ ਗੱਲ ਕਰੋ। ਕੋਈ ਵਕੀਲ ਲੱਭਣ ਲਈ, ਸਾਨੂੰ ਫੋਨ ਕਰੋ ਜਾਂ ਇਨ੍ਹਾਂ ਨੂੰ ਫੋਨ ਕਰੋ:

ਸਟੇਟ ਬਾਰ ਆਫ ਕੈਲੇਫੋਰਨੀਆ ਦੀ ਲੌਈਅਰ ਰੈਫਰਲ ਸਰਵਿਸ:
**1-866-442-2529** – *ਫੋਨ ਕਰਨਾ ਮੁਫਤ ਹੈ!*



## ਪੈਸੇ ਅਤੇ ਮਦਦ ਲੈਣ ਲਈ ਸਹਾਇਤਾ

ਕਈ ਪ੍ਰੋਗਰਾਮ ਅਤੇ ਕਾਰਵਾਈਆਂ ਪੀੜਿਤਾਂ ਦੀ ਪੈਸੇ, ਮਦਦ, ਅਤੇ ਸੇਧ ਲੈਣ ਵਿਚ ਮਦਦ ਕਰਦੇ ਹਨ, ਜਿਨ੍ਹਾਂ ਵਿਚ ਇਹ ਸ਼ਾਮਲ ਹਨ:

- ਪੀੜਿਤਾਂ ਲਈ ਮੁਆਵਜ਼ੇ ਦਾ (ਵਿਕਟਮ ਕੰਪਨਸੇਸ਼ਨ) ਪ੍ਰੋਗਰਾਮ (CalVCP)
- ਪੀੜਿਤਾਂ/ਗਵਾਹਾਂ ਦੀ ਮਦਦ ਕਰਨ ਵਾਲਾ ਸੈਂਟਰ (ਹਰ ਕਾਉਂਟੀ ਵਿਚ ਇਕ ਹੈ)
- ਮੁਆਵਜ਼ਾ (ਰੈਸਟੀਟੂਸ਼ਨ) ਅਤੇ ਹੋਰ ਪ੍ਰੋਗਰਾਮ ਅਤੇ ਸੰਸਥਾਵਾਂ

## ਪੀੜਿਤਾਂ ਲਈ ਮੁਆਵਜ਼ੇ ਦਾ (ਵਿਕਟਮ ਕੰਪਨਸੇਸ਼ਨ) ਪ੍ਰੋਗਰਾਮ

ਇਹ ਪ੍ਰੋਗਰਾਮ, ਹਰ ਪੀੜਿਤ ਨੂੰ ਜੁਰਮ ਨਾਲ ਸੰਬੰਧਿਤ ਖਰਚਿਆਂ ਲਈ **70000 ਡਾਲਰ** ਤੱਕ ਦੇ ਸਕਦਾ ਹੈ। ਤੁਸੀਂ ਉਨ੍ਹਾਂ ਖਰਚਿਆਂ ਲਈ ਪੈਸੇ ਮੰਗ ਸਕਦੇ ਹੋ ਜਿਹੜੇ ਤੁਹਾਡੀ ਇਨਸ਼ੋਰੈਂਸ, ਅਦਾਲਤੀ ਫੈਸਲੇ, ਜਾਂ ਹੋਰ ਪ੍ਰੋਗਰਾਮਾਂ ਵਲੋਂ ਪੂਰੀ ਤਰ੍ਹਾਂ ਕਵਰ ਨਹੀਂ ਕੀਤੇ ਗਏ, ਜਿਨ੍ਹਾਂ ਵਿਚ ਇਹ ਸ਼ਾਮਲ ਹਨ:

- ਕੌਂਸਲਿੰਗ (ਸਲਾਹ-ਮਸ਼ਵਰਾ), ਮੈਡੀਕਲ ਅਤੇ ਦੰਦਾਂ ਦੇ ਇਲਾਜ ਦੀਆਂ ਸੇਵਾਵਾਂ ਜਾਂ ਸਾਜ਼-ਸਾਮਾਨ
- ਤਨਖਾਹਾਂ ਦਾ ਨੁਕਸਾਨ, ਨਿਰਭਰਾਂ ਲਈ ਮਦਦ, ਜਾਂ ਬੱਚਿਆਂ ਦੀ ਸੰਭਾਲ ਜੇ ਮਦਦ ਕਰਨ ਵਾਲਾ ਜੁਰਮ ਕਾਰਨ ਅਪਾਹਜ ਹੋ ਗਿਆ ਹੋਵੇ ਜਾਂ ਮਾਰਿਆ ਗਿਆ ਹੋਵੇ
- ਸੰਸਕਾਰ ਅਤੇ ਦਫਨਾਉਣ ਦੇ ਖਰਚੇ
- ਕੰਮ ਦੀ ਟਰੇਨਿੰਗ ਜਾਂ ਦੁਬਾਰਾ ਟਰੇਨਿੰਗ
- ਘਰ ਦਾ ਸਿਕਿਉਰਟੀ ਸਿਸਟਮ ਜਾਂ ਤੁਹਾਡੇ ਘਰ ਜਾਂ ਕਾਰ ਵਿਚ ਉਹ ਤਬਦੀਲੀਆਂ ਜਿਨ੍ਹਾਂ ਦੀ ਤੁਹਾਨੂੰ ਇਸ ਕਰਕੇ ਲੋੜ ਹੈ ਕਿਉਂਕਿ ਜੁਰਮ ਕਾਰਨ ਤੁਸੀਂ ਅਪਾਹਜ ਹੋ ਗਏ ਹੋ
- ਜੁਰਮ ਦੇ ਸਥਾਨ ਦੀ ਸਫਾਈ ਅਤੇ ਮੂਵ ਹੋਣ ਦੇ ਖਰਚੇ
- ਇਨਸ਼ੋਰੈਂਸ ਦੀਆਂ ਕੋ-ਪੇਮੈਂਟਾਂ

*ਮਹੱਤਵਪੂਰਨ!* ਇਹ ਪ੍ਰੋਗਰਾਮ *ਪ੍ਰਾਪਰਟੀ* ਦੇ ਨੁਕਸਾਨ ਨੂੰ ਕਵਰ ਨਹੀਂ ਕਰਦਾ।

## ਮੁਆਵਜ਼ਾ ਕੌਣ ਲੈ ਸਕਦਾ ਹੈ

ਤੁਸੀਂ ਮੁਆਵਜ਼ੇ (ਪੈਸਿਆਂ) ਲਈ ਮੰਗ ਕਰ ਸਕਦੇ ਹੋ ਜੇ ਤੁਸੀਂ ਜੁਰਮ ਦੇ ਕਾਰਨ ਵਿਚ ਮਦਦ ਨਹੀਂ ਕੀਤੀ ਅਤੇ ਤੁਸੀਂ ਜੁਰਮ ਬਾਰੇ ਰਿਪੋਰਟ ਕਰਨ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਸਹਿਯੋਗ ਕਰਨ ਦੇ ਖਾਹਸ਼ਮੰਦ ਹੋ, ਅਤੇ ਤੁਸੀਂ:

- ਘੇਰੇ ਵਿਚ ਆਉਂਦੇ ਜੁਰਮ ਕਾਰਨ ਜ਼ਖਮੀ ਹੋਏ ਹੋ,
- ਪੀੜਿਤ ’ਤੇ ਨਿਰਭਰ ਹੋ,
- ਅਜਿਹੇ ਪੀੜਿਤ ਦੀ ਸੰਭਾਲ ਕਰਨ ਵਾਲੇ ਹੋ ਜਿਸ ਦੀ ਉਮਰ 18 ਸਾਲ ਨਾਲੋਂ ਘੱਟ ਹੈ,
- ਕਿਸੇ ਅਜਿਹੇ ਵਿਅਕਤੀ ਦੇ ਬਿੱਲ ਦੇ ਰਹੇ ਹੋ ਜਿਸ ਦੀ ਕਿਸੇ ਜੁਰਮ ਕਾਰਨ ਮੌਤ ਹੋਈ ਹੈ, ਜਾਂ
- ਕਿਸੇ ਪੀੜਿਤ ਦੇ ਰਿਸ਼ਤੇਦਾਰ ਜਾਂ ਘਰੇਲੂ ਪਰਿਵਾਰ ਦੇ ਮੈਂਬਰ ਹੋ ਅਤੇ ਤੁਹਾਨੂੰ ਡਾਕਟਰੀ ਇਲਾਜ ਜਾਂ ਕੌਂਸਲਿੰਗ ਦੀ ਲੋੜ ਹੈ, ਜਾਂ ਜੁਰਮ ਦੇ ਕਾਰਨ ਤੁਹਾਡਾ ਮਾਇਕ ਨੁਕਸਾਨ ਹੋਇਆ ਹੈ।

## ਮੁਆਵਜ਼ਾ ਕਿਵੇਂ ਲੈਣਾ ਹੈ

ਜੁਰਮ ਤੋਂ ਬਾਅਦ **1 ਸਾਲ** ਦੇ ਵਿਚ ਵਿਚ ਅਪਲਾਈ ਕਰੋ (ਜੇ ਤੁਹਾਡੇ ਕੋਲ ਲੇਟ ਅਪਲਾਈ ਕਰਨ ਦਾ ਕੋਈ ਬਹੁਤ ਚੰਗਾ ਕਾਰਨ ਨਾ ਹੋਵੇ)। ਅਪਲਾਈ ਕਰਨ ਲਈ, ਵਿਕਟਿਮ ਕੰਪਨਸੇਸ਼ਨ ਐਂਡ ਗਵਰਮੈਂਟ ਕਲੇਮਜ਼ ਬੋਰਡ ਨਾਲ ਸੰਪਰਕ ਕਰੋ (Victim Compensation and Government Claims Board):

- ਫੋਨ ਕਰੋ: **1-800-777-9229**, ਜਾਂ
- ਵੈੱਬਸਾਈਟ ਦੇਖੋ: www.vcgbc.ca.gov

## ਮੁਆਵਜ਼ਾ ਲੈਣ ਦੇ ਹੋਰ ਤਰੀਕੇ

ਬਹੁਤ ਸਾਰੇ ਹੋਰ ਪ੍ਰੋਗਰਾਮ ਪੀੜਿਤਾਂ ਦੀ ਮਾਇਕ ਮਦਦ ਕਰਦੇ ਹਨ, ਜਿਨ੍ਹਾਂ ਵਿਚ ਸ਼ਾਮਲ ਹਨ:

- ਵਰਕਰਜ਼ ਕੰਪਨਸੇਸ਼ਨ
- ਅਨਇਮਪਲੌਏਮੈਂਟ ਇਨਸ਼ੋਰੈਂਸ
- ਟੈਂਪਰੇਰੀ ਅਸਿਸਟੈਂਸ ਟੂ ਨੀਡੀ ਫੈਮਿਲੀਜ਼ (TANF)
- ਫੈਡਰਲ ਅਤੇ ਸਟੇਟਾਂ ਦੇ ਡਿਸਏਬਿਲਟੀ ਪ੍ਰੋਗਰਾਮ
- ਮੈਡੀ-ਕਾਲ (Medi-Cal)
- ਤੁਹਾਡੇ ਘਰ ਦੀ ਜਾਂ ਕਾਰ ਦੀ ਇਨਸ਼ੋਰੈਂਸ



## ਪੀੜਿਤਾਂ/ਗਵਾਹਾਂ ਦੀ ਮਦਦ ਕਰਨ ਵਾਲੇ ਸੈਂਟਰ

ਹਰ ਕਾਉਂਟੀ ਵਿਚ ਪੀੜਿਤਾਂ/ਗਵਾਹਾਂ ਦੀ ਮਦਦ ਕਰਨ ਵਾਲੇ ਸੈਂਟਰ (Victim/Witness Assistance Center) ਹਨ। ਇਹ ਸੈਂਟਰ ਜੁਰਮ ਕਾਰਨ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਪੀੜਿਤਾਂ ਦੀ ਮਦਦ ਕਰਦੇ ਹਨ।

ਤੁਹਾਡਾ ਸੈਂਟਰ ਤੁਹਾਡੀ ਮਦਦ ਕਰੇਗਾ:

- ਪੈਸਿਆਂ ਲਈ ਵਿਕਟਿਮ ਕੰਪਨਸੇਸ਼ਨ ਪ੍ਰੋਗਰਾਮ ਕੋਲ ਅਪਲਾਈ ਕਰਨ ਵਿਚ
- ਅਦਾਲਤ ਲਈ ਤਿਆਰ ਹੋਣ ਵਿਚ, ਸਮੇਤ ਅਦਾਲਤ ਨੂੰ ਇਹ ਦੱਸਣ ਦੇ ਕਿ ਜੁਰਮ ਨੇ ਤੁਹਾਡੇ ’ਤੇ ਕਿਵੇਂ ਅਸਰ ਪਾਇਆ ਹੈ ਅਤੇ ਅਦਾਲਤ ਤੋਂ ਇਹ ਮੰਗ ਕਰਨ ਦੇ ਕਿ ਉਹ ਮੁਜਰਮ ਨੂੰ ਇਹ ਹੁਕਮ ਦੇਵੇ ਕਿ ਉਹ ਤੁਹਾਨੂੰ ਮੁਆਵਜ਼ਾ ਦੇਵੇ
- ਤੁਹਾਡੀ ਮਦਦ ਕਰ ਸਕਣ ਵਾਲੇ ਹੋਰ ਪ੍ਰੋਗਰਾਮਾਂ ਕੋਲ ਭੇਜਣ ਵਿਚ
- ਤੁਹਾਡੇ ਅਦਾਲਤ ਨੂੰ ਜਾਣ ਵੇਲੇ ਆਉਣ ਜਾਣ ਦਾ ਅਤੇ ਬੱਚਿਆਂ ਦੀ ਸੰਭਾਲ ਦਾ ਪ੍ਰਬੰਧ ਕਰਨ ਵਿਚ
- ਐਮਰਜੰਸੀ ਵਿਚ ਖਾਣੇ, ਰਿਹਾਇਸ਼ ਅਤੇ ਕੱਪੜਿਆਂ ਦਾ ਪ੍ਰਬੰਧ ਕਰਨ ਵਿਚ
- ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਰੱਖਿਆ ਕਰਨ ਲਈ ਅਦਾਲਤ ਦੇ ਆਰਡਰ ਲੈਣ ਵਿਚ
- ਤੁਹਾਡੇ ਕੰਮ-ਮਾਲਕ, ਡਾਕਟਰਾਂ ਅਤੇ ਲੈਣਦਾਰਾਂ (ਕਰੈਡਿਟਰਜ਼) ਨੂੰ ਇਹ ਦੱਸਣ ਵਿਚ ਕਿ ਕੀ ਵਾਪਰਿਆ ਹੈ

## ਆਪਣਾ ਪੀੜਿਤਾਂ/ਗਵਾਹਾਂ ਦੀ ਮਦਦ ਕਰਨ ਵਾਲਾ ਸੈਂਟਰ ਕਿਵੇਂ ਲੱਭਣਾ ਹੈ

ਆਪਣਾ ਸਥਾਨਕ ਪੀੜਿਤਾਂ/ਗਵਾਹਾਂ ਦੀ ਮਦਦ ਕਰਨ ਵਾਲਾ ਸੈਂਟਰ ਲੱਭਣ ਲਈ:

- ਸਾਨੂੰ **1-800-VICTIMS** (1-800-842-8467)’ਤੇ ਫੋਨ ਕਰੋ
- ਸਾਡਾ ਵੈੱਬਸਾਈਟ ਦੇਖੋ: www.1800VICTIMS.org